ਮਿੱਠੇ ਬੱਚੇ:- ਚੈਰਿਟੀ ਬਿਗਨਸ ਐਟ ਹੋਮ ਮਤਲਬ ਪਹਿਲੇ ਖ਼ੁਦ ਆਤਮ - ਅਭਿਮਾਨੀ ਬਣਨ ਦੀ ਮਿਹਨਤ ਕਰੋ ਫਿਰ ਦੂਜਿਆਂ ਨੂੰ ਕਹੋ , ਆਤਮਾ ਸਮਝਕੇ ਆਤਮਾ ਨੂੰ ਗਿਆਨ ਦੇਵੋ ਤਾਂ ਗਿਆਨ ਤਲਵਾਰ ਵਿੱਚ ਜੌਹਰ ਆ ਜਾਏਗਾ "

ਪ੍ਰਸ਼ਨ:- ਸੰਗਮਯੁਗ ਤੇ ਕਿਹੜੀਆਂ ਦੋ ਗੱਲਾਂ ਦੀ ਮਿਹਨਤ ਕਰਨ ਨਾਲ ਸਤਿਯੁਗੀ ਤਖਤ ਦੇ ਮਾਲਿਕ ਬਣ ਜਾਵੋਗੇ?

ਉੱਤਰ:- 1. ਦੁੱਖ - ਸੁਖ, ਨਿੰਦਾ - ਸਤੁਤੀ ਵਿੱਚ ਸਮਾਨ ਸਥਿਤੀ ਰਹੇ - ਇਹ ਮਿਹਨਤ ਕਰੋ। ਕੋਈ ਵੀ ਕੁਝ ਉਲਟਾ - ਸੁਲਟਾ ਬੋਲੇ, ਗੁੱਸਾ ਕਰੇ ਤਾਂ ਤੁਸੀਂ ਚੁੱਪ ਹੋ ਜਾਓ, ਕਦੀ ਵੀ ਮੂੰਹ ਦੀ ਤਾਲੀ ਨਹੀਂ ਵਜਾਓ। 2. ਅੱਖਾਂ ਨੂੰ ਸਿਵਿਲ ਬਣਾਓ, ਕ੍ਰਿਮੀਨਲ ਆਈ ਬਿਲਕੁਲ ਖ਼ਤਮ ਹੋ ਜਾਵੇ, ਅਸੀਂ ਆਤਮਾ ਭਰਾ - ਭਰਾ ਹਾਂ, ਆਤਮਾ ਸਮਝਕੇ ਗਿਆਨ ਦੇਵੋ, ਆਤਮ - ਅਭਿਮਾਨੀ ਬਣਨ ਦੀ ਮਿਹਨਤ ਕਰੋ ਤਾਂ ਸਤਿਯੁਗੀ ਤਖਤ ਦੇ ਮਾਲਿਕ ਬਣ ਜਾਵੋਗੇ। ਸੰਪੂਰਨ ਪਵਿੱਤਰ ਬਣਨ ਵਾਲੇ ਹੀ ਗੱਦੀ ਨਸ਼ੀਨ ਬਣਦੇ ਹਨ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨਾਲ ਗੱਲ ਕਰਦੇ ਹਨ, ਤੁਸੀਂ ਆਤਮਾਵਾਂ ਨੂੰ ਇਹ ਤੀਜਾ ਨੇਤਰ ਮਿਲਿਆ ਹੈ ਜਿਸ ਨੂੰ ਗਿਆਨ ਦਾ ਨੇਤਰ ਵੀ ਕਿਹਾ ਜਾਂਦਾ ਹੈ, ਉਨ੍ਹਾਂ ਨਾਲ ਤੁਸੀਂ ਵੇਖਦੇ ਹੋ ਆਪਣੇ ਭਰਾਵਾਂ ਨੂੰ। ਤਾਂ ਇਹ ਬੁੱਧੀ ਤੋਂ ਸਮਝਦੇ ਹੋ ਨਾ ਕਿ ਜਦ ਅਸੀਂ ਭਰਾ - ਭਰਾ ਨੂੰ ਵੇਖਾਂਗੇ ਤਾਂ ਕਰਮਇੰਦਰੀਆਂ ਚੰਚਲ ਨਹੀਂ ਹੋਣਗੀਆਂ। ਅਤੇ ਇਵੇਂ ਕਰਦੇ - ਕਰਦੇ ਅੱਖਾਂ ਜੋ ਕ੍ਰਿਮੀਨਲ ਹਨ ਉਹ ਸਿਵਿਲ ਹੋ ਜਾਣਗੀਆਂ। ਬਾਪ ਕਹਿੰਦੇ ਹਨ ਵਿਸ਼ਵ ਦਾ ਮਾਲਿਕ ਬਣਨ ਦੇ ਲਈ ਮਿਹਨਤ ਤਾਂ ਕਰਨੀ ਪਵੇਗੀ ਨਾ। ਤਾਂ ਹੁਣ ਇਹ ਮਿਹਨਤ ਕਰੋ। ਮਿਹਨਤ ਕਰਨ ਦੇ ਲਈ ਬਾਬਾ ਨਵੀਂ - ਨਵੀਂ ਗੂੜੀ ਪੁਆਇੰਟਸ ਸੁਣਾਉਂਦੇ ਹਨ ਨਾ। ਤਾਂ ਹੁਣ ਆਪਣੇ ਨੂੰ ਭਰਾ - ਭਰਾ ਸਮਝ ਕੇ ਗਿਆਨ ਦੇਣ ਦੀ ਆਦਤ ਪਾਉਣੀ ਹੈ। ਫਿਰ ਇਹ ਜੋ ਗਾਇਆ ਜਾਂਦਾ ਹੈ ਕਿ "ਵੀ ਆਰ ਆਲ ਬ੍ਰਦਰ੍ਸ" - ਇਹ ਪ੍ਰੈਕਟੀਕਲ ਹੋ ਜਾਵੇਗਾ। ਹੁਣ ਤੁਸੀਂ ਸੱਚੇ - ਸੱਚੇ ਬ੍ਰਦਰ੍ਸ ਹੋ ਕਿਓਂਕਿ ਬਾਪ ਨੂੰ ਜਾਣਦੇ ਹੋ। ਬਾਪ ਤੁਸੀਂ ਬੱਚਿਆਂ ਦੇ ਨਾਲ ਸਰਵਿਸ ਕਰ ਰਹੇ ਹਨ। ਹਿੰਮਤੇ ਬੱਚੇ ਮਦਦੇ ਬਾਪ। ਤਾਂ ਬਾਪ ਆਕੇ ਇਹ ਹਿੰਮਤ ਦਿੰਦੇ ਹਨ ਸਰਵਿਸ ਕਰਨ ਦੀ। ਤਾਂ ਇਹ ਸਹਿਜ ਹੋਇਆ ਨਾ। ਤਾਂ ਰੋਜ਼ ਇਹ ਪ੍ਰੈਕਟਿਸ ਕਰਨੀ ਪਵੇਗੀ, ਸੁਸਤ ਨਹੀਂ ਹੋਣਾ ਚਾਹੀਦਾ ਹੈ। ਇਹ ਨਵੀਂ - ਨਵੀਂ ਪੁਆਇੰਟਸ ਬੱਚਿਆਂ ਨੂੰ ਮਿਲਦੀ ਹੈ, ਬੱਚੇ ਜਾਣਦੇ ਹਨ ਕਿ ਅਸੀਂ ਭਰਾਵਾਂ ਨੂੰ ਬਾਬਾ ਪੜ੍ਹਾ ਰਹੇ ਹਨ। ਆਤਮਾਵਾਂ ਪੜ੍ਹਦੀਆਂ ਹਨ, ਇਹ ਰੂਹਾਨੀ ਨਾਲੇਜ ਹੈ, ਇਸ ਨੂੰ ਸਪ੍ਰਿਚੁਅਲ ਨਾਲੇਜ ਕਿਹਾ ਜਾਂਦਾ ਹੈ। ਸਿਰਫ ਇਸ ਸਮੇਂ ਰੂਹਾਨੀ ਨਾਲੇਜ, ਰੂਹਾਨੀ ਬਾਪ ਤੋਂ ਮਿਲਦੀ ਹੈ ਕਿਓਂਕਿ ਬਾਪ ਆਉਂਦੇ ਹੀ ਹਨ ਸੰਗਮਯੁਗ ਤੇ ਜਦੋਂਕਿ ਸ੍ਰਿਸ਼ਟੀ ਬਦਲਦੀ ਹੈ, ਇਹ ਰੂਹਾਨੀ ਨਾਲੇਜ ਮਿਲਦੀ ਵੀ ਉਦੋਂ ਹੈ ਜਦੋਂ ਸ੍ਰਿਸ਼ਟੀ ਬਦਲਣ ਵਾਲੀ ਹੈ। ਬਾਪ ਆਕੇ ਇਹ ਹੀ ਤਾਂ ਰੂਹਾਨੀ ਨਾਲੇਜ ਦਿੰਦੇ ਹਨ ਕਿ ਆਪਣੇ ਨੂੰ ਆਤਮਾ ਸਮਝੋ। ਆਤਮਾ ਨੰਗੀ (ਅਸ਼ਰੀਰੀ) ਆਈ ਸੀ, ਇੱਥੇ ਫਿਰ ਸ਼ਰੀਰ ਧਾਰਨ ਕਰਦੀ ਹੈ। ਸ਼ੁਰੂ ਤੋਂ ਹੁਣ ਤੱਕ ਆਤਮਾ ਨੇ 84 ਜਨਮ ਲੀਤੇ ਹਨ। ਪਰ ਨੰਬਰਵਾਰ ਜੋ ਜਿਵੇਂ ਆਏ ਹੋਣਗੇ, ਉਹ ਉਵੇਂ ਹੀ ਗਿਆਨ - ਯੋਗ ਦੀ ਮਿਹਨਤ ਕਰਨਗੇ। ਫਿਰ ਵੇਖਣ ਵਿੱਚ ਵੀ ਆਉਂਦਾ ਹੈ ਕਿ ਜਿਵੇਂ ਜਿਸਨੇ ਕਲਪ ਪਹਿਲੇ ਜੋ ਪੁਰਸ਼ਾਰਥ ਕੀਤਾ, ਮਿਹਨਤ ਕੀਤਾ ਉਹ ਹੁਣ ਵੀ ਇਵੇਂ ਹੀ ਮਿਹਨਤ ਕਰਦੇ ਰਹਿੰਦੇ ਹਨ। ਆਪਣੇ ਲਈ ਮਿਹਨਤ ਕਰਨੀ ਹੈ। ਦੂਜੇ ਕੋਈ ਦੇ ਲਈ ਤਾਂ ਨਹੀਂ ਕਰਨੀ ਹੁੰਦੀ ਹੈ। ਤਾਂ ਆਪਣੇ ਨੂੰ ਹੀ ਆਤਮਾ ਸਮਝ ਕਰਕੇ ਆਪਣੇ ਨਾਲ ਮਿਹਨਤ ਕਰਨੀ ਹੈ। ਦੂਜਾ ਕੀ ਕਰਦਾ ਹੈ, ਉਸ ਵਿੱਚ ਸਾਡਾ ਕੀ ਜਾਂਦਾ ਹੈ। ਚੈਰਿਟੀ ਬਿਗੰਸ ਐਟ ਹੋਮ ਮਾਨਾ ਪਹਿਲੇ - ਪਹਿਲੇ ਖ਼ੁਦ ਮਿਹਨਤ ਕਰਨੀ ਹੈ, ਪਿੱਛੋਂ ਦੂਜਿਆਂ ਨੂੰ (ਭਰਾਵਾਂ ਨੂੰ) ਕਹਿਣਾ ਹੈ। ਜਦੋਂ ਤੁਸੀਂ ਆਪਣੇ ਨੂੰ ਆਤਮਾ ਸਮਝ ਕਰਕੇ ਆਤਮਾ ਨੂੰ ਗਿਆਨ ਦੇਵੋਗੇ ਤਾਂ ਤੁਹਾਡੀ ਗਿਆਨ ਤਲਵਾਰ ਵਿੱਚ ਜੌਹਰ ਰਹੇਗਾ। ਮਿਹਨਤ ਤਾਂ ਹੈ ਨਾ। ਤਾਂ ਜਰੂਰ ਕੁਝ ਨਾ ਕੁਝ ਸਹਿਣ ਕਰਨਾ ਪੈਂਦਾ ਹੈ। ਇਸ ਸਮੇਂ ਦੁੱਖ - ਸੁਖ, ਨਿੰਦਾ - ਸਤੂਤੀ, ਮਾਨ - ਅਪਮਾਨ ਇਹ ਬਹੁਤ ਸਹਿਣ ਕਰਨਾ ਪੈਂਦਾ ਹੈ। ਤਾਂ ਜਦ ਵੀ ਕੋਈ ਉਲਟਾ - ਸੁਲਟਾ ਬੋਲਦਾ ਹੈ ਤਾਂ ਕਹਿੰਦੇ ਹਨ ਚੁੱਪ। ਜਦੋਂ ਕੋਈ ਚੁੱਪ ਕਰ ਜਾਂਦੇ ਹਨ ਤਾਂ ਪਿੱਛੋਂ ਕੋਈ ਗੁੱਸਾ ਕੀ ਕਰਨਗੇ। ਜਦੋਂ ਕੋਈ ਗੱਲ ਕਰਦੇ ਹਨ ਅਤੇ ਦੂਜੇ ਵੀ ਗੱਲ ਕਰਦੇ ਹਨ ਤਾਂ ਮੂੰਹ ਦੀ ਤਾਲੀ ਵੱਜਦੀ ਹੈ। ਜੇ ਇੱਕ ਨੇ ਮੂੰਹ ਦੀ ਤਾਲੀ ਵਜਾਈ ਅਤੇ ਦੂਜੇ ਨੇ ਸ਼ਾਂਤ ਕੀਤਾ ਤਾਂ ਚੁੱਪ। ਬਸ ਇਹ ਬਾਪ ਸਿਖਾਉਂਦੇ ਹਨ। ਕਦੀ ਵੀ ਵੇਖੋ ਕੋਈ ਗੁੱਸੇ ਵਿੱਚ ਆਉਂਦੇ ਹਨ ਤਾਂ ਚੁੱਪ ਹੋ ਜਾਓ, ਆਪ ਹੀ ਉਸ ਦਾ ਗੁੱਸਾ ਸ਼ਾਂਤ ਹੋ ਜਾਵੇਗਾ। ਦੂਜੀ ਤਾਲੀ ਵੱਜੇਗੀ ਨਹੀਂ। ਜੇਕਰ ਤਾਲੀ ਤੋਂ ਤਾਲੀ ਵੱਜੀ ਤਾਂ ਫਿਰ ਗੜਬੜ ਹੋ ਜਾਂਦੀ ਹੈ ਇਸਲਈ ਬਾਪ ਕਹਿੰਦੇ ਹਨ ਬੱਚੇ ਕਦੀ ਵੀ ਇਨ੍ਹਾਂ ਗੱਲਾਂ ਵਿੱਚ ਤਾਲੀ ਨਹੀਂ ਵਜਾਓ। ਨਾ ਵਿਕਾਰ ਦੀ, ਨਾ ਕਾਮ ਦੀ, ਨਾ ਗੁੱਸੇ ਦੀ।

ਬੱਚਿਆਂ ਨੂੰ ਹਰ ਇੱਕ ਦਾ ਕਲਿਆਣ ਕਰਨਾ ਹੀ ਹੈ, ਇੰਨੇ ਜੋ ਸੈਂਟਰਜ਼ ਬਣੇ ਹੋਏ ਹਨ ਕਿਸ ਲਈ? ਕਲਪ ਪਹਿਲੇ ਵੀ ਤਾਂ ਇਵੇਂ ਦੇ ਸੈਂਟਰਜ਼ ਨਿਕਲੇ ਹੋਣਗੇ। ਦੇਵਾਂ ਦਾ ਦੇਵ ਬਾਪ ਵੇਖਦੇ ਰਹਿੰਦੇ ਹਨ ਕਿ ਬਹੁਤਿਆਂ ਬੱਚਿਆਂ ਨੂੰ ਇਹ ਸ਼ੌਕ ਰਹਿੰਦਾ ਹੈ ਕਿ ਬਾਬਾ ਸੈਂਟਰਜ਼ ਖੋਲਾਂ। ਅਸੀਂ ਸੈਂਟਰ ਖੋਲਦੇ ਹਾਂ, ਅਸੀਂ ਖਰਚਾ ਉਠਾਵਾਂਗੇ। ਤਾਂ ਦਿਨ - ਪ੍ਰਤੀਦਿਨ ਇਵੇਂ ਹੁੰਦੇ ਜਾਣਗੇ ਕਿਓਂਕਿ ਜਿੰਨਾ ਵਿਨਾਸ਼ ਦੇ ਦਿਨ ਨਜ਼ਦੀਕ ਹੁੰਦੇ ਜਾਣਗੇ ਉੰਨਾ ਫਿਰ ਇਸ ਵੱਲ ਵੀ ਸਰਵਿਸ ਦਾ ਸ਼ੌਕ ਵੱਧਦਾ ਜਾਵੇਗਾ। ਹੁਣ ਬਾਪਦਾਦਾ ਦੋਨੋਂ ਇਕੱਠੇ ਹਨ ਤਾਂ ਹਰ ਇੱਕ ਨੂੰ ਵੇਖਦੇ ਹਨ ਕਿ ਕੀ ਪੁਰਸ਼ਾਰਥ ਕਰਦੇ ਹਨ? ਕੀ ਪਦਵੀ ਪਾਉਣਗੇ? ਕਿਸ ਦਾ ਪੁਰਸ਼ਾਰਥ ਉੱਤਮ, ਕਿਸ ਦਾ ਮਧਿਅਮ, ਕਿਸ ਦਾ

ਕਨਿਸ਼ਟ ਹੈ? ਉਹ ਤਾਂ ਵੇਖ ਰਹੇ ਹਨ। ਟੀਚਰ ਵੀ ਸਕੂਲ ਵਿੱਚ ਵੇਖਦੇ ਹਨ ਕਿ ਸਟੂਡੈਂਟ ਕਿਸ ਸਬਜੈਕਟ ਵਿੱਚ ਉੱਪਰ - ਥੱਲੇ ਹੁੰਦੇ ਹਨ। ਤਾਂ ਇੱਥੇ ਵੀ ਇਵੇਂ ਹੀ ਹੈ। ਕਈ ਬੱਚੇ ਚੰਗੀ ਤਰ੍ਹਾਂ ਨਾਲ ਅਟੈਂਸ਼ਨ ਦਿੰਦੇ ਹਨ ਤਾਂ ਆਪਣੇ ਨੂੰ ਉੱਚਾ ਸਮਝਦੇ ਹਨ। ਕੋਈ ਸਮੇਂ ਫਿਰ ਭੁੱਲ ਕਰਦੇ ਹਨ, ਯਾਦ ਵਿੱਚ ਨਹੀਂ ਰਹਿੰਦੇ ਹਨ ਤਾਂ ਆਪਣੇ ਨੂੰ ਘੱਟ ਸਮਝਦੇ ਹਨ। ਇਹ ਸਕੂਲ ਹੈ ਨਾ। ਬੱਚੇ ਕਹਿੰਦੇ ਹਨ ਬਾਬਾ ਅਸੀਂ ਕਦੀ - ਕਦੀ ਬਹੁਤ ਖੁਸ਼ੀ ਵਿੱਚ ਰਹਿੰਦੇ ਹਾਂ, ਕਦੀ - ਕਦੀ ਖੁਸ਼ੀ ਘੱਟ ਹੋ ਜਾਂਦੀ ਹੈ। ਤਾਂ ਬਾਬਾ ਹੁਣ ਸਮਝਾਉਂਦੇ ਰਹਿੰਦੇ ਹਨ ਕਿ ਜੇ ਖੁਸ਼ੀ ਵਿੱਚ ਰਹਿਣਾ ਚਾਹੁੰਦੇ ਹੋ ਤਾਂ ਮਨਮਨਾਭਵ, ਆਪਣੇ ਨੂੰ ਆਤਮਾ ਸਮਝੋ ਅਤੇ ਬਾਪ ਨੂੰ ਵੀ ਯਾਦ ਕਰੋ। ਸਾਹਮਣੇ ਪਰਮਾਤਮਾ ਨੂੰ ਵੇਖੋ ਤਾਂ ਉਹ ਅਕਾਲ ਤਖਤ ਤੇ ਬੈਠਿਆ ਹੋਇਆ ਹੈ। ਇਵੇਂ ਭਰਾਵਾਂ ਦੇ ਵੱਲ ਵੀ ਵੇਖੋ, ਆਪਣੇ ਨੂੰ ਆਤਮਾ ਸਮਝ ਕਰਕੇ ਫਿਰ ਭਰਾ ਨਾਲ ਗੱਲ ਕਰੋ। ਭਰਾ ਨੂੰ ਅਸੀਂ ਗਿਆਨ ਦਿੰਦੇ ਹਾਂ। ਭੈਣ ਨਹੀਂ, ਭਰਾ - ਭਰਾ। ਆਤਮਾਵਾਂ ਨੂੰ ਗਿਆਨ ਦਿੰਦੇ ਹਨ ਜੇ ਇਹ ਆਦਤ ਤੁਹਾਡੀ ਪੈ ਜਾਵੇਗੀ ਤਾਂ ਤੁਹਾਡੀ ਜੋ ਕ੍ਰਿਮੀਨਲ ਆਈ ਹੈ, ਜੋ ਤੁਹਾਨੂੰ ਧੋਖਾ ਦਿੰਦੀ ਹੈ ਉਹ ਹੋਲੀ - ਹੋਲੀ ਬੰਦ ਹੋ ਜਾਏਗੀ। ਆਤਮਾ - ਆਤਮਾ ਵਿੱਚ ਕੀ ਕਰੇਗੀ? ਜਦੋਂ ਦੇਹ - ਅਭਿਮਾਨ ਆਉਂਦਾ ਹੈ ਉਦੋਂ ਡਿੱਗਦੇ ਹਨ। ਬਹੁਤ ਕਹਿੰਦੇ ਹਨ ਬਾਬਾ ਸਾਡੀ ਕ੍ਰਿਮੀਨਲ ਆਈ ਹੈ। ਅੱਛਾ ਕ੍ਰਿਮੀਨਲ ਆਈ ਨੂੰ ਹੁਣ ਸਿਵਿਲ ਆਈ ਬਣਾਓ। ਬਾਪ ਨੇ ਆਤਮਾ ਨੂੰ ਦਿੱਤਾ ਹੀ ਹੈ ਤੀਜਾ ਨੇਤਰ। ਤੀਜੇ ਨੇਤਰ ਨਾਲ ਵੇਖੋਂਗੇ ਤਾਂ ਫਿਰ ਤੁਹਾਡੀ ਦੇਹ ਨੂੰ ਵੇਖਣ ਦੀ ਆਦਤ ਮਿੱਟ ਜਾਏਗੀ। ਬਾਬਾ ਬੱਚਿਆਂ ਨੂੰ ਡਾਇਰੈਕਸ਼ਨ ਤਾਂ ਦਿੰਦੇ ਰਹਿੰਦੇ ਹਨ, ਇਨ੍ਹਾਂ ਨੂੰ (ਬ੍ਰਹਮਾ ਨੂੰ) ਵੀ ਇਵੇਂ ਹੀ ਕਹਿੰਦੇ ਹਨ। ਇਹ ਬਾਬਾ ਵੀ ਦੇਹ ਵਿੱਚ ਆਤਮਾ ਨੂੰ ਵੇਖਣਗੇ। ਤਾਂ ਇਸ ਨੂੰ ਹੀ ਕਿਹਾ ਜਾਂਦਾ ਹੈ ਰੂਹਾਨੀ ਨਾਲੇਜ। ਵੇਖੋ, ਪਦਵੀ ਕਿੰਨੀ ਉੱਚ ਪਾਉਂਦੇ ਹੋ। ਜਬਰਦਸਤ ਪਦਵੀ ਹੈ। ਤਾਂ ਪੁਰਸ਼ਾਰਥ ਵੀ ਅਜਿਹਾ ਕਰਨਾ ਚਾਹੀਦਾ ਹੈ। ਬਾਬਾ ਵੀ ਸਮਝਦੇ ਹਨ ਕਲਪ ਪਹਿਲੇ ਮੁਅਫਿਕ ਸਭ ਦਾ ਪੁਰਸ਼ਾਰਥ ਚੱਲੇਗਾ। ਕੋਈ ਰਾਜਾ - ਰਾਣੀ ਬਣਨਗੇ, ਕੋਈ ਪ੍ਰਜਾ ਵਿੱਚ ਚਲੇ ਜਾਣਗੇ। ਤਾਂ ਇੱਥੇ ਜਦੋਂ ਬੈਠਕੇ ਨੇਸ਼ਠਾ (ਯੋਗ) ਵੀ ਕਰਵਾਉਂਦੇ ਹੋ ਤਾਂ ਆਪਣੇ ਨੂੰ ਆਤਮਾ ਸਮਝ ਕਰਕੇ ਦੂਜੇ ਦੀ ਵੀ ਭ੍ਰਿਕੁਟੀ ਵਿੱਚ ਆਤਮਾ ਨੂੰ ਵੇਖਦੇ ਰਹੋਗੇ ਤਾਂ ਫਿਰ ਉਨ੍ਹਾਂ ਦੀ ਸਰਵਿਸ ਚੰਗੀ ਹੋਵੇਗੀ। ਜੋ ਦੇਹੀ - ਅਭਿਮਾਨੀ ਹੋਕੇ ਬੈਠਦੇ ਹਨ ਉਹ ਆਤਮਾਵਾਂ ਨੂੰ ਹੀ ਵੇਖਦੇ ਹਨ। ਇਸ ਦੀ ਖੂਬ ਪ੍ਰੈਕਟਿਸ ਕਰੋ। ਅਰੇ ਉੱਚ ਪਦਵੀ ਪਾਉਣਾ ਹੈ ਤਾਂ ਕੁਝ ਤਾਂ ਮਿਹਨਤ ਕਰੋਂਗੇ ਨਾ। ਤਾਂ ਹੁਣ ਆਤਮਾਵਾਂ ਦੇ ਲਈ ਇਹ ਮਿਹਨਤ ਹੈ। ਇਹ ਰੂਹਾਨੀ ਨਾਲੇਜ ਇੱਕ ਹੀ ਦਫ਼ਾ ਮਿਲਦੀ ਹੈ ਹੋਰ ਕਦੀ ਵੀ ਨਹੀਂ ਮਿਲੇਗੀ। ਨਾ ਕਲਯੁਗ ਵਿੱਚ, ਨਾ ਸਤਿਯੁਗ ਵਿੱਚ, ਸਿਰਫ ਸੰਗਮਯੁਗ ਵਿੱਚ ਉਹ ਵੀ ਬ੍ਰਾਹਮਣਾਂ ਨੂੰ। ਇਹ ਪੱਕਾ ਯਾਦ ਕਰ ਲੋ। ਜਦੋਂ ਬ੍ਰਾਹਮਣ ਬਣੋਂਗੇ ਉਦੋਂ ਦੇਵਤਾ ਬਣੋਂਗੇ। ਬ੍ਰਾਹਮਣ ਨਹੀਂ ਬਣੇ ਤਾਂ ਫਿਰ ਦੇਵਤਾ ਕਿਵੇਂ ਬਣੋਂਗੇ? ਇਸ ਸੰਗਮਯੁਗ ਵਿੱਚ ਹੀ ਇਹ ਮਿਹਨਤ ਕਰਦੇ ਹਨ। ਹੋਰ ਕਿਸੇ ਸਮੇਂ ਵਿੱਚ ਇਹ ਨਹੀਂ ਕਹਾਂਗੇ ਕਿ ਆਪਣੇ ਨੂੰ ਆਤਮਾ, ਦੂਜੇ ਨੂੰ ਵੀ ਆਤਮਾ ਸਮਝ ਉਨ੍ਹਾਂ ਨੂੰ ਗਿਆਨ ਦੇਵੋ। ਬਾਪ ਜੋ ਸਮਝਾਉਂਦੇ ਹਨ ਉਸ ਤੇ ਵਿੱਚਾਰ ਸਾਗਰ ਮੰਥਨ ਕਰੋ । ਜੱਜ ਕਰੋ ਕਿ ਕੀ ਇਹ ਠੀਕ ਹੈ, ਸਾਡੇ ਫਾਇਦੇ ਦੀ ਗੱਲ ਹੈ? ਸਾਨੂੰ ਆਦਤ ਪੈ ਜਾਏਗੀ ਕਿ ਬਾਪ ਦੀ ਜੋ ਸਿੱਖਿਆ ਹੈ ਸੋ ਭਰਾਵਾਂ ਨੂੰ ਦੇਣਾ ਹੈ, ਫੀਮੇਲ ਨੂੰ ਵੀ ਦੇਣਾ ਹੈ ਤਾਂ ਮੇਲ ਨੂੰ ਵੀ ਦੇਣਾ ਹੈ। ਦੇਣਾ ਤਾਂ ਆਤਮਾਵਾਂ ਨੂੰ ਹੀ ਹੈ। ਆਤਮਾ ਹੀ ਮੇਲ, ਫੀਮੇਲ ਬਣੀ ਹੈ। ਭੈਣ - ਭਰਾ ਬਣੀ ਹੈ।

ਬਾਪ ਕਹਿੰਦੇ ਹਨ ਮੈਂ ਤੁਸੀਂ ਬੱਚਿਆਂ ਨੂੰ ਗਿਆਨ ਦਿੰਦਾ ਹਾਂ। ਮੈਂ ਬੱਚਿਆਂ ਦੇ ਵੱਲ, ਆਤਮਾਵਾਂ ਨੂੰ ਵੇਖਦਾ ਹਾਂ ਅਤੇ ਆਤਮਾਵਾਂ ਵੀ ਸਮਝਦੀ ਹੈ ਕਿ ਸਾਡਾ ਪਰਮਾਤਮਾ ਜੋ ਬਾਪ ਹੈ ਉਹ ਗਿਆਨ ਦਿੰਦੇ ਹਨ ਤਾਂ ਇਸ ਨੂੰ ਕਹਾਂਗੇ ਇਹ ਰੂਹਾਨੀ ਅਭਿਆਨੀ ਬਣੇ ਹਨ। ਇਸ ਨੂੰ ਹੀ ਕਿਹਾ ਜਾਂਦਾ ਹੈ ਸਪ੍ਰਿਚੁਅਲ ਗਿਆਨ ਦੀ ਲੈਣ - ਦੇਣ - ਆਤਮਾ ਦੀ ਪਰਮਾਤਮਾ ਦੇ ਨਾਲ। ਤਾਂ ਇਹ ਬਾਪ ਸਿੱਖਿਆ ਦਿੰਦੇ ਹਨ ਕਿ ਜਦੋਂ ਵੀ ਕੋਈ ਵਿਜਿਟਰ ਆਦਿ ਆਉਂਦੇ ਹਨ ਤਾਂ ਵੀ ਆਪਣੇ ਨੂੰ ਆਤਮਾ ਸਮਝ, ਆਤਮਾ ਨੂੰ ਬਾਪ ਦਾ ਪਰਿਚੈ ਦੇਣਾ ਹੈ। ਆਤਮਾ ਵਿੱਚ ਗਿਆਨ ਹੈ, ਸ਼ਰੀਰ ਵਿੱਚ ਨਹੀਂ ਹੈ। ਤਾਂ ਉਨ੍ਹਾਂ ਨੂੰ ਵੀ ਆਤਮਾ ਸਮਝ ਕਰਕੇ ਹੀ ਗਿਆਨ ਦੇਣਾ ਹੈ। ਇਸ ਨਾਲ ਉਨ੍ਹਾਂ ਨੂੰ ਵੀ ਚੰਗਾ ਲੱਗੇਗਾ। ਜਿਵੇਂ ਕਿ ਇਹ ਜੌਹਰ ਹੈ ਤੁਹਾਡੇ ਮੂੰਹ ਵਿੱਚ। ਇਸ ਗਿਆਨ ਦੀ ਤਲਵਾਰ ਵਿੱਚ ਜੌਹਰ ਭਰ ਜਾਏਗਾ ਕਿਓਂਕਿ ਦੇਹੀ - ਅਭਿਮਾਨੀ ਹੁੰਦੇ ਹੋ ਨਾ। ਤਾਂ ਇਹ ਵੀ ਪ੍ਰੈਕਟਿਸ ਕਰਕੇ ਵੇਖੋ। ਬਾਬਾ ਕਹਿੰਦੇ ਹਨ ਜੱਜ ਕਰੋ - ਇਹ ਠੀਕ ਹੈ? ਅਤੇ ਬੱਚਿਆਂ ਦੇ ਲਈ ਵੀ ਇਹ ਕੋਈ ਨਵੀਂ ਗੱਲ ਨਹੀਂ ਹੈ ਕਿਓਂਕਿ ਬਾਪ ਸਮਝਾਉਂਦੇ ਹੀ ਸਹਿਜ ਕਰਕੇ ਹਨ। ਚੱਕਰ ਲਗਾਇਆ, ਹੁਣ ਨਾਟਕ ਪੂਰਾ ਹੁੰਦਾ ਹੈ, ਹੁਣ ਬਾਬਾ ਦੀ ਯਾਦ ਵਿੱਚ ਰਹਿੰਦੇ ਹਨ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣ, ਸਤੋਪ੍ਰਧਾਨ ਦੁਨੀਆਂ ਦਾ ਮਾਲਿਕ ਬਣਦੇ ਹਨ ਫਿਰ ਇਵੇਂ ਹੀ ਸੀੜੀ ਉਤਰਦੇ ਹਨ, ਵੇਖੋ ਕਿੰਨਾ ਸਹਿਜ ਦੱਸਦੇ ਹਨ। ਹਰ 5 ਹਜ਼ਾਰ ਵਰ੍ਹੇ ਦੇ ਬਾਦ ਮੇਰੇ ਨੂੰ ਆਉਣਾ ਹੁੰਦਾ ਹੈ। ਡਰਾਮਾ ਦੇ ਪਲਾਨ ਅਨੁਸਾਰ ਮੈਂ ਬੰਧਾਯਮਾਨ ਹਾਂ। ਆਕੇ ਬੱਚਿਆਂ ਨੂੰ ਬਹੁਤ ਸਹਿਜ ਯਾਦ ਦੀ ਯਾਤਰਾ ਸਿਖਾਉਂਦਾ ਹਾਂ। ਬਾਪ ਦੀ ਯਾਦ ਵਿੱਚ ਅੰਤ ਮਤਿ ਸੋ ਗਤੀ ਹੋ ਜਾਏਗੀ, ਇਹ ਇਸ ਸਮੇਂ ਦੇ ਲਈ ਹੈ। ਇਹ ਅੰਤਕਾਲ ਹੈ। ਹੁਣ ਇਸ ਸਮੇਂ ਬਾਪ ਬੈਠ ਕਰਕੇ ਯੁਕਤੀ ਦੱਸਦੇ ਹਨ ਕਿ ਮਾਮੇਕਮ ਯਾਦ ਕਰੋ ਤਾਂ ਸਦਗਤੀ ਹੋ ਜਾਏਗੀ। ਬੱਚੇ ਵੀ ਸਮਝਦੇ ਹਨ ਕਿ ਪੜ੍ਹਾਈ ਨਾਲ ਇਹ ਬਣਾਂਗਾ, ਫਲਾਣਾ ਬਣਾਂਗਾ। ਇਸ ਵਿੱਚ ਵੀ ਇਹ ਹੀ ਹੈ ਕਿ ਮੈਂ ਜਾਕੇ ਨਵੀਂ ਦੁਨੀਆਂ ਵਿੱਚ ਦੇਵੀ - ਦੇਵਤਾ ਬਣਾਂਗਾ। ਕੋਈ ਨਵੀਂ ਗੱਲ ਨਹੀਂ ਹੈ, ਬਾਪ ਤਾਂ ਘੜੀ - ਘੜੀ ਕਹਿੰਦੇ ਹਨ ਨਥਿੰਗਨਿਊ। ਇਹ ਤਾਂ ਪੌੜ੍ਹੀ ਉਤਰਨੀ - ਚੜ੍ਹਨੀ ਹੈ, ਜਿੰਨ ਦੀ ਕਹਾਣੀ ਹੈ ਨਾ। ਉਸਨੂੰ ਪੌੜ੍ਹੀ ਉਤਰਨ ਅਤੇ ਚੜ੍ਹਨ ਦਾ ਕੰਮ ਦਿੱਤਾ ਗਿਆ। ਇਹ ਨਾਟਕ ਹੀ ਹੈ ਚੜ੍ਹਨਾ ਅਤੇ ਉਤਰਨਾ। ਯਾਦ ਦੀ ਯਾਤ੍ਰਾ ਨਾਲ ਬਹੁਤ ਮਜਬੂਤ ਹੋ ਜਾਣਗੇ ਇਸਲਈ ਵੱਖ - ਵੱਖ ਤਰ੍ਹਾਂ ਨਾਲ ਬਾਪ ਬੱਚਿਆਂ ਨੂੰ ਬੈਠ ਸਿਖਾਉਂਦੇ ਹਨ ਕਿ ਬੱਚੇ ਹੁਣ ਦੇਹੀ - ਅਭਿਮਾਨੀ ਬਣੋ। ਹੁਣ ਸਭਨੂੰ ਵਾਪਿਸ ਜਾਣਾ ਹੈ। ਤੁਸੀਂ ਆਤਮਾ ਪੂਰੇ 84 ਜਨਮ ਲੈ ਕੇ ਤਮੋਪ੍ਰਧਾਨ ਬਣ ਗਈ ਹੋ। ਤੁਸੀਂ ਭਾਰਤਵਾਸੀ ਹੀ ਸਤੋ - ਰਜੋ - ਤਮੋ ਬਣਦੇ ਹਨ। ਦੂਸਰੀ ਕੋਈ ਨੇਸ਼ਨੈਲਿਟੀ ਨੂੰ ਨਹੀਂ ਕਹਾਂਗੇ ਕਿ ਪੂਰੇ 84 ਜਨਮ ਲਏ ਹਨ। ਬਾਪ ਨੇ ਆਕਰਕੇ ਦੱਸਿਆ ਹੈ ਨਾਟਕ ਵਿੱਚ ਹਰ ਇੱਕ ਦਾ ਪਾਰ੍ਹ ਆਪਣਾ - ਆਪਣਾ ਹੁੰਦਾ ਹੈ। ਆਤਮਾ ਕਿੰਨੀ ਛੋਟੀ ਹੈ। ਸਇੰਸਦਾਨਾਂ ਨੂੰ ਇਹ ਸਮਝ ਵਿੱਚ ਹੀ ਨਹੀਂ ਆਵੇਗਾ ਕਿ ਇਤਨੀ ਛੋਟੀ ਆਤਮਾ ਵਿੱਚ

ਇਹ ਅਵਿਨਾਸ਼ੀ ਪਾਰਟ ਭਰਿਆ ਹੋਇਆ ਹੈ। ਇਹ ਹੈ ਸਭ ਤੋਂ ਵੰਡਰਫੁਲ ਗੱਲ। ਇਹ ਛੋਟੀ ਜਿਹੀ ਆਤਮਾ ਹੈ ਅਤੇ ਪਾਰ੍ਹ ਕਿੰਨਾਂ ਵਜਾਉਂਦੀ ਹੈ। ਉਹ ਵੀ ਅਵਿਨਾਸ਼ੀ! ਇਹ ਡਰਾਮਾ ਵੀ ਅਵਿਨਾਸ਼ੀ ਹੈ ਅਤੇ ਬਣਿਆ - ਬਣਾਇਆ ਹੈ। ਇਵੇਂ ਨਹੀਂ ਕੋਈ ਕਹਿਣਗੇ ਕਿ ਕਦੋਂ ਬਣਿਆ? ਨਹੀਂ। ਇਹ ਕੁਦਰਤ ਹੈ। ਇਹ ਗਿਆਨ ਬਹੁਤ ਵੰਡਰਫੁਲ ਹੈ, ਕੱਦੇ ਕੋਈ ਇਹ ਗਿਆਨ ਦੱਸ ਹੀ ਨਹੀਂ ਸਕਦੇ ਹਨ। ਇਵੇਂ ਕਿਸੇ ਦੀ ਕੋਈ ਤਾਕਤ ਨਹੀਂ ਜੋ ਇਹ ਗਿਆਨ ਦੱਸੇ।

ਤਾਂ ਹੁਣ ਬੱਚਿਆਂ ਨੂੰ ਬਾਪ ਦਿਨ - ਪ੍ਰਤੀਦਿਨ ਸਮਝਾਉਂਦੇ ਰਹਿੰਦੇ ਹਨ। ਹੁਣ ਪ੍ਰੈਕਟਿਸ ਕਰੋ ਕਿ ਅਸੀਂ ਆਪਣੇ ਭਰਾ ਆਤਮਾ ਨੂੰ ਗਿਆਨ ਦਿੰਦੇ ਹਾਂ, ਆਪਣੇ ਵਰਗਾ ਬਣਾਉਣ ਦੇ ਲਈ। ਬਾਪ ਤੋਂ ਵਰਸਾ ਲੈਣ ਦੇ ਲਈ ਕਿਉਂਕਿ ਸਾਰੀਆਂ ਆਤਮਾਵਾਂ ਦਾ ਹੱਕ ਹੈ। ਬਾਬਾ ਆਉਂਦੇ ਹਨ ਸਾਰੀਆਂ ਆਤਮਾਵਾਂ ਨੂੰ ਆਪਣਾ - ਆਪਣਾ ਸ਼ਾਂਤੀ ਦਾ ਅਤੇ ਸੁਖ ਦਾ ਵਰਸਾ ਦੇਣ। ਅਸੀਂ ਜਦੋਂ ਰਾਜਧਾਨੀ ਵਿੱਚ ਹੋਵਾਂਗੇ ਤਾਂ ਬਾਕੀ ਸਭ ਸ਼ਾਂਤੀਧਾਮ ਵਿੱਚ ਹੋਣਗੇ। ਪਿੱਛੋਂ ਜੈ - ਜੈਕਾਰ ਹੋਵੇਗੀ। ਇੱਥੇ ਸੁਖ ਹੀ ਸੁਖ ਹੋਵੇਗਾ ਇਸਲਈ ਬਾਪ ਕਹਿੰਦੇ ਹਨ ਪਾਵਨ ਬਣਨਾ ਹੈ। ਜਿਨਾਂ - ਜਿਨਾਂ ਤੁਸੀਂ ਪਵਿੱਤਰ ਬਣਦੇ ਹੋ ਉਨੀਂ ਕਸ਼ਿਸ਼ ਹੁੰਦੀ ਹੈ। ਜਦੋਂ ਤੁਸੀਂ ਬਿਲਕੁਲ ਪਵਿੱਤਰ ਹੋ ਜਾਂਦੇ ਹੋ ਤਾਂ ਗੱਦੀ ਨਸ਼ੀਨ ਹੋ ਜਾਂਦੇ ਹੋ। ਤਾਂ ਪ੍ਰੈਕਟਿਸ ਇਹ ਕਰੋ। ਇਵੇਂ ਨਾ ਸਮਝਣਾ ਕਿ ਬਸ ਇਹ ਸੁਣਿਆ ਅਤੇ ਕੰਨ ਤੋਂ ਕੱਢਿਆ। ਨਹੀਂ, ਇਸ ਪ੍ਰੈਕਟਿਸ ਤੋਂ ਬਿਨਾਂ ਤੁਸੀਂ ਚੱਲ ਨਹੀਂ ਸਕੋਗੇ। ਆਪਣੇ ਨੂੰ ਆਤਮਾ ਸਮਝੋ, ਉਹ ਵੀ ਆਤਮਾ ਭਾਈ - ਭਾਈ ਨੂੰ ਬੈਠਕੇ ਸਮਝਾਵੋ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ ਇਸਨੂੰ ਕਿਹਾ ਜਾਂਦਾ ਹੈ ਰੂਹਾਨੀ ਸਪ੍ਰਿਚੁਅਲ ਨਾਲੇਜ਼। ਸਪ੍ਰਿਚੁਅਲ ਫਾਦਰ ਦੇਣ ਵਾਲਾ ਹੈ। ਜਦੋਂ ਚਿਲਡਰਨ ਪੂਰਾ ਸਪਰਿਚਉਲ ਬਣ ਜਾਂਦੇ ਹਨ, ਇਕਦਮ ਪਿਓਰ ਬਣ ਜਾਂਦੇ ਹਾਂ ਤਾਂ ਜਾਕੇ ਸਤਿਯੁਗੀ ਤਖਤ ਦੇ ਮਾਲਿਕ ਬਣਦੇ ਹਾਂ। ਜੋ ਪਿਓਰ ਨਹੀਂ ਬਣਨਗੇ ਉਹ ਮਾਲਾ ਵਿੱਚ ਵੀ ਨਹੀਂ ਆਉਣਗੇ। ਮਾਲਾ ਦਾ ਵੀ ਕੋਈ ਅਰੱਥ ਤੇ ਹੋਵੇਗਾ ਨਾ। ਮਾਲਾ ਦਾ ਰਾਜ਼ ਦੂਸਰਾ ਕੋਈ ਵੀ ਨਹੀਂ ਜਾਣਦੇ ਹਨ। ਮਾਲਾ ਨੂੰ ਕਿਉਂ ਸਿਮਰਦੇ ਹਨ? ਕਿਉਂਕਿ ਬਾਪ ਦੀ ਬਹੁਤ ਮਦਦ ਕੀਤੀ ਹੈ, ਤਾਂ ਕਿਉਂ ਨਹੀਂ ਸਿਮਰੇ ਜਾਣਗੇ। ਤੁਸੀਂ ਸਿਮਰੇ ਵੀ ਜਾਂਦੇ ਹੋ, ਤੁਹਾਡੀ ਪੂਜਾ ਵੀ ਹੁੰਦੀ ਹੈ ਅਤੇ ਤੁਹਾਡੇ ਸ਼ਰੀਰ ਨੂੰ ਵੀ ਪੂਜਿਆ ਜਾਂਦਾ ਹੈ। ਅਤੇ ਮੇਰੀ ਤਾਂ ਫਿਰ ਸਿਰ੍ਫ ਆਤਮਾ ਨੂੰ ਪੂਜਿਆ ਜਾਂਦਾ ਹੈ। ਦੇਖੋ, ਤੁਸੀਂ ਤਾਂ ਡਬਲ ਪੂਜੇ ਜਾਂਦੇ ਹੋ, ਮੇਰੇ ਤੋਂ ਵੀ ਜ਼ਿਆਦਾ। ਤੁਸੀਂ ਜਦੋਂ ਦੇਵਤਾ ਬਣਦੇ ਹੋ ਤਾਂ ਦੇਵਤਵਾਂ ਦੀ ਵੀ ਪੂਜਾ ਕਰਦੇ ਹੋ ਇਸਲਈ ਪੂਜਾ ਵਿੱਚ ਵੀ ਤੁਸੀਂ ਤਿੱਖੇ, ਯਾਦਗਾਰ ਵਿੱਚ ਵੀ ਤੁਸੀਂ ਤਿੱਖੇ ਅਤੇ ਬਾਦਸ਼ਾਹੀ ਵਿੱਚ ਵੀ ਤੁਸੀਂ ਤਿੱਖੇ। ਦੇਖੋ, ਤੁਹਾਨੂੰ ਕਿੰਨਾਂ ਉੱਚਾ ਬਣਾਉਂਦਾ ਹਾਂ। ਤਾਂ ਜਿਵੇਂ ਦੇ ਪਿਆਰੇ ਬੱਚੇ ਹੁੰਦੇ ਹਨ, ਬਹੁਤ ਲਵ ਹੁੰਦਾ ਹੈ ਤਾਂ ਬੱਚਿਆਂ ਨੂੰ ਕੂਲ੍ਹੇ ਤੇ, ਮੱਥੇ ਤੇ ਵੀ ਰੱਖਦੇ ਹਨ। ਬਾਬਾ ਇੱਕਦਮ ਸਿਰ ਤੇ ਰੱਖ ਦਿੰਦੇ ਹਨ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗਾਇਨ ਅਤੇ ਪੂਜਨ ਯੋਗ ਬਣਨ ਦੇ ਲਈ ਸਪ੍ਰਿਚੁਅਲ ਬਣਨਾ ਹੈ, ਆਤਮਾ ਨੂੰ ਪਿਓਰ ਬਣਾਉਣਾ ਹੈ। ਆਤਮ ਅਭਿਮਾਨੀ ਬਣਨ ਦੀ ਮਿਹਨਤ ਕਰਨੀ ਹੈ।

2. ਮਨਮਨਾਭਵ ਦੇ ਅਭਿਆਸ ਨਾਲ ਅਪਾਰ ਖੁਸ਼ੀ ਵਿੱਚ ਰਹਿਣਾ ਹੈ। ਆਪਣੇ ਨੂੰ ਆਤਮਾ ਸਮਝਕੇ ਆਤਮਾ ਨਾਲ ਗੱਲ ਕਰਨੀ ਹੈ, ਅੱਖਾਂ ਨੂੰ ਸਿਵਿਲ ਬਣਾਉਣਾ ਹੈ।

ਵਰਦਾਨ:- ਮਾਸਟਰ ਰਚਿਯਤਾ ਦੀ ਸਟੇਜ ਦ੍ਵਾਰਾ ਆਪਦਾਵਾਂ ਵਿਚ ਵੀ ਮਨੋਰੰਜਨ ਦਾ ਅਨੁਭਵ ਕਰਨ ਵਾਲੇ ਸੰਪੂਰਨ ਯੋਗੀ ਭਵ।

ਮਾਸਟਰ ਰਚਿਯਤਾ ਦੀ ਸਟੇਜ ਤੇ ਸਥਿਤ ਰਹਿਣ ਨਾਲ ਵੱਡੇ ਤੋਂ ਵੱਡੀ ਆਪਦਾ ਇੱਕ ਮਨੋਰੰਜਨ ਦਾ ਦ੍ਰਿਸ਼ ਅਨੁਭਵ ਹੋਵੇਗੀ। ਜਿਵੇਂ ਮਹਾਵਿਨਾਸ਼ ਦੀ ਆਪਦਾ ਨੂੰ ਵੀ ਸਵਰਗ ਦੇ ਗੇਟ ਖੁੱਲਣ ਦਾ ਸਾਧਨ ਦਸਦੇ ਹੋ, ਇਵੇਂ ਕਿਸੇ ਵੀ ਤਰ੍ਹਾਂ ਦੀ ਛੋਟੀ - ਵੱਡੀ ਸਮੱਸਿਆ ਅਤੇ ਆਪਦਾ ਮਨੋਰੰਜਨ ਦਾ ਰੂਪ ਵਿਖਾਈ ਦੇਵੇ, ਹਾਏ - ਹਾਏ ਦੀ ਬਜਾਏ ਓਹੋ ਸ਼ਬਦ ਨਿਕਲੇ - ਦੁੱਖ ਵੀ ਸੁਖ ਦੇ ਰੂਪ ਵਿਚ ਅਨੁਭਵ ਹੋਵੇ। ਦੁੱਖ - ਸੁਖ ਦੀ ਨਾਲ਼ੇਜ ਹੁੰਦੇ ਹੋਏ ਵੀ ਉਸ ਦੇ ਪ੍ਰਭਾਵ ਵਿਚ ਨਾ ਆਵੇ। ਦੁੱਖ ਨੂੰ ਵੀ ਬਲਿਹਾਰੀ ਸੁਖ ਦੇ ਦਿਨ ਆਉਣ ਦੀ ਸਮਝਣ - ਤਾਂ ਕਹਾਂਗੇ ਸੰਪੂਰਨ ਯੋਗੀ।

ਸਲੋਗਨ:- ਦਿਲਤਖ਼ਤ ਨੂੰ ਛੱਡ ਸਧਾਰਨ ਸੰਕਲਪ ਕਰਨਾ ਮਤਲਬ ਧਰਨੀ ਵਿਚ ਪੈਰ ਰੱਖਣਾ।

******

ਅਵਿਅਕਤ ਇਸ਼ਾਰੇ:- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ।

ਕਰਮ ਕਰਦੇ ਤਨ ਦਾ ਵੀ ਹਲਕਾਪਨ, ਮਨ ਦੀ ਸਥਿਤੀ ਵਿਚ ਵੀ ਹਲਕਾਪਨ। ਕਰਮ ਦੀ ਰਿਜਲਟ ਮਨ ਨੂੰ ਖਿੱਚ ਨਾ ਲਵੇ। ਜਿਨਾਂ ਵੀ ਕੰਮ ਵਧਦਾ ਜਾਵੇ ਉਨਾਂ ਹੀ ਹਲਕਾਪਨ ਵੀ ਵਧਦਾ ਜਾਵੇ। ਕਰਮ ਆਪਣੀ ਵੱਲ ਆਕਰਸ਼ਿਤ ਨਹੀਂ ਕਰੇ ਲੇਕਿਨ ਮਾਲਿਕ ਹੋਕੇ

ਕਰਮ ਕਰਾਉਣ ਵਾਲਾ ਕਰਾ ਰਿਹਾ ਹੈ ਅਤੇ ਕਰਮ ਵਾਲੇ ਨਿਮਿਤ ਬਣ ਕੇ ਕਰ ਰਹੇ ਹਨ - ਇਹ ਅਭਿਆਸ ਵਧਾਓ ਤਾਂ ਸੰਪੰਨ ਕਰਮਾਤੀਤ ਸਹਿਜ ਹੀ ਬਣ ਜਾਵੋਗੇ।